# ਹਾਨੀ-ਪੂਰਤੀ ਦਾ ਪ੍ਰੋਗਰਾਮ: ਪੀੜਤਾਂ ਲਈ ਜਾਣਕਾਰੀ

BRITISH COLUMBIA

RESTITUTION PROGRAM: Information for Victims [Punjabi]

# ਜੇ ਤੁਸੀਂ ਅਦਾ ਨਾ ਕੀਤਾ ਗਿਆ ਹਾਨੀ-ਪੂਰਤੀ ਆਰਡਰ ਉਗਰਾਹੁਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਮਦਦ ਮੌਜੂਦ ਹੈ

## ਹਾਨੀ-ਪੂਰਤੀ (ਰੈਸਟੀਚਿਊਸ਼ਨ) ਕੀ ਹੈ?

ਜੇ ਕਿਸੇ ਜੁਰਮ ਦੇ ਨਤੀਜੇ ਵਜੋਂ ਕਿਸੇ ਪੀੜਤ ਨੂੰ ਮਾਇਕ ਨੁਕਸਾਨ ਹੁੰਦਾ ਹੈ ਤਾਂ ਉਨ੍ਹਾਂ ਕੋਲ "ਹਾਨੀ-ਪੂਰਤੀ" ਦੇ ਰੂਪ ਵਿਚ ਦੋਸ਼ੀ ਤੋਂ ਮਾਇਕ ਮੁਆਵਜ਼ਾ ਮੰਗਣ ਦਾ ਹੱਕ ਹੈ। ਸਜ਼ਾ ਦੇ ਹਿੱਸੇ ਵਜੋਂ, ਜੱਜ "ਹਾਨੀ-ਪੂਰਤੀ" ਦਾ ਆਰਡਰ ਕਰ ਸਕਦਾ ਹੈ ਜਿਹੜਾ ਦੋਸ਼ੀ ਤੋਂ ਇਹ ਮੰਗ ਕਰਦਾ ਹੈ ਕਿ ਉਹ ਪੀੜਤ ਨੂੰ ਮੁਆਵਜ਼ਾ ਦੇਵੇ ਅਤੇ ਜੇ ਹਾਨੀ-ਪੂਰਤੀ ਨਹੀਂ ਕੀਤੀ ਜਾਂਦੀ ਤਾਂ ਇਹ ਆਰਡਰ ਪੀੜਤ ਨੂੰ ਸਿਵਲ ਕੋਰਟ ਤੋਂ ਆਰਡਰ ਲਾਗੂ ਕਰਵਾਉਣ ਦੀ ਆਗਿਆ ਦਿੰਦਾ ਹੈ।

## ਹਾਨੀ-ਪੂਰਤੀ ਦਾ (ਰੈਸਟੀਚਿਊਸ਼ਨ) ਪ੍ਰੋਗਰਾਮ ਕੀ ਹੈ?

ਹਾਨੀ-ਪੂਰਤੀ ਦਾ ਪ੍ਰੋਗਰਾਮ ਹਾਨੀ-ਪੂਰਤੀ ਬਾਰੇ ਜਾਣਕਾਰੀ ਦਿੰਦਾ ਹੈ, ਜਿਸ ਵਿਚ ਇਹ ਜਾਣਕਾਰੀ ਵੀ ਸ਼ਾਮਲ ਹੈ ਕਿ ਤੁਸੀਂ ਅਦਾ ਨਾ ਕੀਤਾ ਗਿਆ ਆਰਡਰ ਕਿਵੇਂ ਉਗਰਾਹ ਸਕਦੇ ਹੋ। ਜਿੱਥੇ ਢੁਕਵਾਂ ਹੋਵੇ, ਹਾਨੀ-ਪੂਰਤੀ ਦਾ ਪ੍ਰੋਗਰਾਮ, ਦੋਸ਼ੀ ਤੋਂ ਤੁਹਾਨੂੰ ਪੇਮੈਂਟ ਦਿਵਾਉਣ ਲਈ ਇਕ ਫਾਇਲ ਖੋਲ੍ਹੇਗਾ।

## ਹਾਨੀ-ਪੂਰਤੀ ਦੇ ਪ੍ਰੋਗਰਾਮ ਕੋਲ ਕੌਣ ਅਪਲਾਈ ਕਰ ਸਕਦਾ ਹੈ (ਜਾਂ ਕਿਸ ਨੂੰ ਭੇਜਿਆ ਜਾ ਸਕਦਾ ਹੈ)?

- ✓ ਕੀ ਤੁਹਾਡੇ ਹਾਨੀ-ਪੂਰਤੀ ਦੇ ਆਰਡਰ ਦੇ ਪੈਸੇ ਬਕਾਇਆ ਹਨ ਜਿਹੜੇ ਪੂਰੇ ਨਹੀਂ ਦਿੱਤੇ ਗਏ?
- ✓ ਕੀ ਹਾਨੀ-ਪੂਰਤੀ ਦਾ ਆਰਡਰ ਬੀ.ਸੀ. ਸੂਬੇ ਵਿਚਲੀ ਬਾਲਗਾਂ ਲਈ ਕਿਸੇ ਕ੍ਰਿਮੀਨਲ ਕੋਰਟ ਵਲੋਂ ਜਾਰੀ ਕੀਤਾ ਗਿਆ ਹੈ?

ਜੇ ਤੁਸੀਂ ਇਨ੍ਹਾਂ ਸਵਾਲਾਂ ਦਾ ਜਵਾਬ "ਹਾਂ" ਵਿਚ ਦਿੱਤਾ ਹੈ ਤਾਂ ਤੁਸੀਂ ਇਸ ਬਰੋਸ਼ਰ ਦੇ ਪਿਛਲੇ ਪਾਸੇ ਦਿੱਤੇ ਗਏ ਫਾਰਮ ਦੀ ਵਰਤੋਂ ਕਰਦੇ ਹੋਏ ਹਾਨੀ-ਪੂਰਤੀ ਦੇ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹੋ, ਜੋ ਕਿ www.gov.bc.ca/victimrestitution 'ਤੇ ਵੀ ਮੌਜੂਦ ਹੈ। ਜੇ ਤੁਸੀਂ ਇਨ੍ਹਾਂ ਸਵਾਲਾਂ ਦੇ ਜਵਾਬਾਂ ਬਾਰੇ ਦੁਚਿੱਤੀ ਵਿਚ ਹੋਵੋ ਤਾਂ ਕਿਰਪਾ ਕਰਕੇ ਹਾਨੀ-ਪੂਰਤੀ ਦੇ ਪ੍ਰੋਗਰਾਮ ਨਾਲ ਸੰਪਰਕ ਕਰੋ। ਨੋਟ: ਕੁਝ ਹਾਲਤਾਂ ਵਿਚ, ਫਾਇਲ ਖੋਲ੍ਹਣ ਲਈ ਹਾਨੀ-ਪੂਰਤੀ ਦੇ ਪ੍ਰੋਗਰਾਮ ਨੂੰ ਪ੍ਰੋਬੇਸ਼ਨ ਅਫਸਰ ਤੋਂ ਆਗਿਆ ਲੈਣ ਦੀ ਲੋੜ ਹੋ ਸਕਦੀ ਹੈ।

## ਹਾਨੀ-ਪੂਰਤੀ ਦਾ ਪ੍ਰੋਗਰਾਮ ਕੀ ਕਰਦਾ ਹੈ?

- ਅਸੀਂ ਦੋਸ਼ੀ ਨੂੰ ਪ੍ਰੋਗਰਾਮ ਵਿਚ ਸ਼ਾਮਲ ਕਰਨ ਲਈ ਕੰਮ ਕਰਦੇ ਹਾਂ ਅਤੇ ਹਾਨੀ-ਪੂਰਤੀ ਦੇ ਆਰਡਰ ਦੀ ਸਮੇਂ ਸਿਰ ਪਾਲਣਾ ਕਰਨ ਲਈ ਉਤਸ਼ਾਹ ਦਿੰਦੇ ਹਾਂ।
- ਅਸੀਂ ਦੋਸ਼ੀਆਂ ਤੋਂ ਹਾਨੀ-ਪੂਰਤੀ ਦੇ ਆਰਡਰ ਦੀਆਂ ਪੂਰੀਆਂ ਜਾਂ ਅੰਸ਼ਕ ਪੇਮੈਂਟਾਂ (ਕਿਸ਼ਤਾਂ ਸਮੇਤ) ਪ੍ਰਵਾਨ ਕਰਦੇ ਹਾਂ ਅਤੇ ਉਨ੍ਹਾਂ ਦੀ ਤਰਫੋਂ ਤੁਹਾਨੂੰ ਦਿੰਦੇ ਹਾਂ।
- ਹਾਨੀ-ਪੂਰਤੀ ਦੇ ਉਨ੍ਹਾਂ ਆਰਡਰਾਂ ਲਈ ਜਿੱਥੇ ਇਕ ਤੋਂ ਜ਼ਿਆਦਾ ਪੀੜਤ ਹੁੰਦੇ ਹਨ, ਪ੍ਰਤੀ ਹਿੱਸਾ ਪੇਮੈਂਟ ਯਕੀਨੀ ਬਣਾਉਣ ਲਈ ਅਸੀਂ ਰਕਮਾਂ ਦਾ ਹਿਸਾਬ ਲਾਉਂਦੇ ਹਾਂ।
- ਅਸੀਂ ਤੁਹਾਨੂੰ ਪੇਮੈਂਟ ਬਾਰੇ ਨਵੀਂ ਜਾਣਕਾਰੀ ਦਿੰਦੇ ਹਾਂ।

## ਹਾਨੀ-ਪੂਰਤੀ ਦੇ ਪ੍ਰੋਗਰਾਮ ਨਾਲ ਕੰਮ ਕਰਨ ਦੇ ਕੀ ਫਾਇਦੇ ਹਨ?

- ਹਾਨੀ-ਪੂਰਤੀ ਦੇ ਪ੍ਰੋਗਰਾਮ ਵਿਚ ਆਪਣੀ ਸ਼ਮੂਲੀਅਤ ਦੇ ਹਿੱਸੇ ਵਜੋਂ ਤੁਹਾਨੂੰ ਸਿਵਲ ਜਾਂ ਕ੍ਰਿਮੀਨਲ ਕੋਰਟ ਵਿਚ ਹਾਜ਼ਰ ਹੋਣ ਦੀ ਲੋੜ ਨਹੀਂ ਹੈ।
- ਦੋਸ਼ੀ ਨਾਲ ਸੰਪਰਕ ਕਰਨ ਦੀ ਲੋੜ ਨਹੀਂ ਹੈ।
- ਸ਼ਮੂਲੀਅਤ ਤੁਹਾਡੇ ਬਕਾਇਆ ਪੈਸੇ ਉਗਰਾਹੁਣ ਵਿਚ ਤੁਹਾਡੀ ਮਦਦ ਕਰਦੀ ਹੈ।

## ਮੇਰੇ ਅਪਲਾਈ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਡੇ ਹਾਨੀ-ਪੂਰਤੀ ਦੇ ਪ੍ਰੋਗਰਾਮ ਕੋਲ ਅਪਲਾਈ ਕਰਨ ਤੋਂ ਬਾਅਦ:

**ਕਦਮ 1:** ਅਸੀਂ ਤੁਹਾਡੀ ਅਰਜ਼ੀ 'ਤੇ ਵਿਚਾਰ ਕਰਦੇ ਹਾਂ ਤਾਂ ਜੋ ਇਹ ਪੱਕਾ ਹੋ ਸਕੇ ਕਿ ਅਸੀਂ ਹਾਨੀ-ਪੂਰਤੀ ਦੀਆਂ ਪੇਮੈਂਟਾਂ ਦਿਵਾ ਸਕਦੇ ਹਾਂ।

**ਕਦਮ 2:** ਅਸੀਂ ਹਾਨੀ-ਪੂਰਤੀ ਦੇ ਆਰਡਰ ਉੱਪਰ ਦੱਸੇ ਗਏ ਦੋਸ਼ੀ ਨਾਲ ਸੰਪਰਕ ਕਰਦੇ ਹਾਂ ਅਤੇ ਉਸ ਨੂੰ ਪ੍ਰੋਗਰਾਮ ਨਾਲ ਕੰਮ ਕਰਨ ਲਈ ਕਹਿੰਦੇ ਹਾਂ।

**ਕਦਮ 3:** ਆਰਡਰ ਦੀ ਪਾਲਣਾ ਲਈ ਸਭ ਤੋਂ ਬਿਹਤਰ ਪਲੈਨ ਨੂੰ ਉਤਸ਼ਾਹ ਦੇਣ ਲਈ ਅਸੀਂ ਦੋਸ਼ੀ ਨਾਲ ਪੇਮੈਂਟ ਦੀਆਂ ਚੋਣਾਂ ਬਾਰੇ ਗੱਲਬਾਤ ਕਰਦੇ ਹਾਂ।

**ਕਦਮ 4:** ਪੇਮੈਂਟਾਂ ਸ਼ੁਰੂ ਹੋ ਸਕਦੀਆਂ ਹਨ।

**ਕਦਮ 5:** ਅਸੀਂ ਹਾਨੀ-ਪੂਰਤੀ ਦੇ ਦੋਸ਼ੀ ਤੋਂ ਮਿਲੇ ਪੈਸੇ ਤੁਹਾਨੂੰ ਅਤੇ ਹਾਨੀ-ਪੂਰਤੀ ਦੇ ਆਰਡਰ 'ਤੇ ਦਰਜ ਹੋਰ ਪੀੜਤਾਂ ਨੂੰ ਦਿੰਦੇ ਹਾਂ।
**ਕਦਮ 6:** ਪੇਮੈਂਟਾਂ ਦੀ ਪ੍ਰਗਤੀ ਦਾ ਹਿਸਾਬ ਰੱਖਣ ਲਈ ਅਸੀਂ ਤੁਹਾਨੂੰ "ਹਾਨੀ-ਪੂਰਤੀ ਦੀ ਪੇਮੈਂਟ ਦੀਆਂ ਸਟੇਟਮੈਂਟਾਂ" ਦਿੰਦੇ ਹਾਂ।

ਅਸੀਂ ਲਗਾਤਾਰ ਹਾਨੀ-ਪੂਰਤੀ ਦੇ ਆਰਡਰ 'ਤੇ ਦਰਜ ਸਾਰੀਆਂ ਧਿਰਾਂ ਦੀ ਸੇਫਟੀ ਨਾਲ ਸੰਬੰਧਿਤ ਫਿਕਰਾਂ 'ਤੇ ਵਿਚਾਰ ਕਰਦੇ ਹਾਂ।

## ਜੇ ਤੁਸੀਂ ਇਹ ਪੜ੍ਹ ਰਹੇ ਦੋਸ਼ੀ ਹੋਵੋ:

ਅਸੀਂ ਤੁਹਾਨੂੰ ਇਸ ਬਰੋਸ਼ਰ ਦੇ ਪਿਛਲੇ ਪਾਸੇ ਦਿੱਤੇ ਗਏ ਅਰਜ਼ੀ ਫਾਰਮ ਨੂੰ ਭਰਨ ਦਾ ਸੱਦਾ ਦਿੰਦੇ ਹਾਂ ਜਾਂ ਜ਼ਿਆਦਾ ਜਾਣਕਾਰੀ ਲਈ ਹਾਨੀ-ਪੂਰਤੀ ਦੇ ਪ੍ਰੋਗਰਾਮ ਨਾਲ ਸੰਪਰਕ ਕਰਨ ਲਈ ਕਹਿੰਦੇ ਹਾਂ।

### ਜੇ ਮੈਂ ਅਦਾਲਤ ਵਲੋਂ ਹੁਕਮ ਕੀਤੀ ਗਈ ਹਾਨੀ-ਪੂਰਤੀ ਨਾ ਦੇ ਸਕਦਾ/ਸਕਦੀ ਹੋਵਾਂ?

ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ ਭਾਵੇਂ ਤੁਸੀਂ ਇਹ ਸੋਚਦੇ ਹੋਵੋ ਜਾਂ ਨਾ ਕਿ ਕੀ ਤੁਸੀਂ ਇਸ ਵੇਲੇ ਪੈਸੇ ਦੇ ਸਕਦੇ ਹੋ। ਹਾਨੀ-ਪੂਰਤੀ ਦਾ ਪ੍ਰੋਗਰਾਮ, ਅਦਾਲਤ ਵਲੋਂ ਕੀਤੇ ਗਏ ਹਾਨੀ-ਪੂਰਤੀ ਦੇ ਆਰਡਰ ਦੀ ਸਮੇਂ ਸਿਰ ਪਾਲਣਾ ਕਰਨ ਨੂੰ ਉਤਸ਼ਾਹ ਦਿੰਦਾ ਹੈ। ਅਸੀਂ ਇਹ ਸਮਝਦੇ ਹਾਂ ਕਿ ਸਾਡੇ ਕਲਾਇੰਟਸ ਦੀਆਂ ਵੱਖ ਵੱਖ ਮਾਇਕ ਜ਼ਿੰਮੇਵਾਰੀਆਂ ਹੁੰਦੀਆਂ ਹਨ; ਪੇਮੈਂਟ ਦੇ ਅਸਲੀਅਤ ਵਾਲੇ ਟੀਚੇ ਮਿੱਥਣ ਲਈ ਤੁਹਾਡੇ ਨਾਲ ਕੰਮ ਕਰਨ ਵੇਲੇ ਅਸੀਂ ਨਿੱਜੀ ਸਮਰੱਥਾ 'ਤੇ ਵਿਚਾਰ ਕਰਦੇ ਹਾਂ (ਜਿਵੇਂ ਪੇਮੈਂਟਾਂ ਪੂਰੀਆਂ ਕਰਨ ਲਈ ਸਮੇਂ ਦੀ ਲੰਬਾਈ; ਹਰ ਕਿਸ਼ਤ ਵਿਚ ਦਿੱਤੀ ਜਾਣ ਵਾਲੀ ਰਕਮ)।

### ਜੇ ਮੈਂ ਫੈਡਰਲ ਕਸਟੱਡੀ ਵਿਚ ਹੋਵਾਂ ਤਾਂ ਕੀ ਹੋਵੇਗਾ?

ਫੈਡਰਲ ਕਸਟੱਡੀ (ਹਿਰਾਸਤ) ਵਿਚ ਹੋਣ ਦੌਰਾਨ ਤੁਸੀਂ ਆਪਣੇ ਬੈਂਕ ਅਕਾਊਂਟ ਤੋਂ ਹਾਨੀ-ਪੂਰਤੀ ਦੇ ਪ੍ਰੋਗਰਾਮ ਨੂੰ ਪੇਮੈਂਟਾਂ ਦੇ ਸਕਦੇ ਹੋ। ਇਹ ਅਮਲ ਸ਼ੁਰੂ ਕਰਨ ਵਿਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

## ਹਾਨੀ-ਪੂਰਤੀ ਦਾ ਪ੍ਰੋਗਰਾਮ ਹੋਰ ਕੀ ਕਰਦਾ ਹੈ?

- ਉਨ੍ਹਾਂ ਪੀੜਤਾਂ ਨੂੰ ਮਦਦ ਅਤੇ ਜਾਣਕਾਰੀ ਦਿੰਦਾ ਹੈ ਜਿਨ੍ਹਾਂ ਦੇ ਅਦਾ ਨਾ ਕੀਤੇ ਗਏ ਹਾਨੀ-ਪੂਰਤੀ ਦੇ ਆਰਡਰ ਹੁੰਦੇ ਹਨ;
- ਹਾਨੀ-ਪੂਰਤੀ ਦੇ ਆਰਡਰਾਂ ਦੇ ਸਬੰਧ ਵਿਚ ਆਮ ਪੁੱਛਗਿੱਛ ਦਾ ਜਵਾਬ ਦਿੰਦਾ ਹੈ;
- ਢੁਕਵੇਂ ਵਸੀਲਿਆਂ ਕੋਲ ਭੇਜਦਾ ਹੈ; ਅਤੇ
- ਹਾਨੀ-ਪੂਰਤੀ ਦੇ ਆਰਡਰਾਂ ਨੂੰ ਸਿਵਲ ਕੋਰਟ ਦੀਆਂ ਕਾਰਵਾਈਆਂ ਰਾਹੀਂ ਉਗਰਾਹੁਣ ਦੇ ਸਬੰਧ ਵਿਚ ਆਮ ਜਾਣਕਾਰੀ ਦਿੰਦਾ ਹੈ।

## ਮੈਂ ਹਾਨੀ-ਪੂਰਤੀ ਦੇ ਪ੍ਰੋਗਰਾਮ ਨਾਲ ਕਿਵੇਂ ਸੰਪਰਕ ਕਰ ਸਕਦਾ/ਸਕਦੀ ਹਾਂ?

Restitution Program
Ministry of Public Safety and Solicitor General
PO Box 5550 Station Terminal
Vancouver BC V6B 1H1
ਲੋਅਰ ਮੇਨਲੈਂਡ ਵਿਚ ਫੋਨ: 604-660-4898
ਦੂਰੋਂ ਮੁਫਤ: 1-844-660-4898
ਈਮੇਲ: Restitution@gov.bc.ca
ਫੈਕਸ: 604-660-5340
ਵੈੱਬਸਾਈਟ: www.gov.bc.ca/victimrestitution

To apply to the Restitution Program, please complete and sign this application form and return it to the address below./ ਹਾਨੀ-ਪੂਰਤੀ ਦੇ ਪ੍ਰੋਗਰਾਮ ਲਈ ਅਪਲਾਈ ਕਰਨ ਲਈ, ਕਿਰਪਾ ਕਰਕੇ ਇਸ ਅਰਜ਼ੀ ਫਾਰਮ ਨੂੰ ਭਰੋ ਅਤੇ ਇਸ 'ਤੇ ਦਸਖ਼ਤ ਕਰੋ ਅਤੇ ਇਸ ਨੂੰ ਹੇਠਾਂ ਦਿੱਤੇ ਐਡਰੈਸ 'ਤੇ ਵਾਪਸ ਭੇਜੋ।

The Restitution Program processes applications in English only. Please provide the following information in English./ ਹਾਨੀ-ਪੂਰਤੀ ਦਾ (ਰੈਸਟੀਚਿਊਸ਼ਨ) ਪ੍ਰੋਗਰਾਮ ਅਰਜ਼ੀਆਂ ਸਿਰਫ ਅੰਗਰੇਜ਼ੀ ਵਿਚ ਲੈਂਦਾ ਹੈ। ਕਿਰਪਾ ਕਰਕੇ ਅੱਗੇ ਲਿਖੀ ਜਾਣਕਾਰੀ ਅੰਗਰੇਜ਼ੀ ਵਿਚ ਦਿਉ।

# Restitution Program Application Form/ ਹਾਨੀ-ਪੂਰਤੀ ਦੇ ਪ੍ਰੋਗਰਾਮ ਲਈ ਅਰਜ਼ੀ ਫਾਰਮ

## Applicant Information/ ਅਰਜ਼ੀਕਰਤਾ ਦੀ ਜਾਣਕਾਰੀ

Victim Name / ਪੀੜਤ ਦਾ ਨਾਂ: ______________________ Date of Birth (YY-MM-DD)/ ਜਨਮ ਤਰੀਕ: (ਸਾਲ-ਮਹੀਨਾ-ਦਿਨ): ______________________

Assigning a Victim Designate–Victims have the option of assigning a designate to communicate with the Restitution Program on their behalf/ ਪੀੜਤ ਵਲੋਂ ਕਿਸੇ ਨੂੰ ਮੁਕੱਰਰ ਕਰਨਾ - ਪੀੜਤਾਂ ਕੋਲ ਆਪਣੀ ਤਰਫੋਂ ਹਾਨੀ-ਪੂਰਤੀ ਦੇ ਪ੍ਰੋਗਰਾਮ ਨਾਲ ਗੱਲਬਾਤ ਕਰਨ ਲਈ ਕਿਸੇ ਨੂੰ ਮੁਕੱਰਰ ਕਰਨ ਦੀ ਚੋਣ ਹੈ:

❑ I hereby authorize/ ਮੈਂ ਇੱਥੇ LAST/ ਗੋਤ ______________________, FIRS/ ਪਹਿਲਾ ਨਾਂ______________________

to act on my behalf for the purposes of involvement with the Restitution Program which includes personal information pertaining to me./ ਨੂੰ ਅਧਿਕਾਰ ਦਿੰਦਾ ਹਾਂ ਕਿ ਉਹ ਹਾਨੀ-ਪੂਰਤੀ ਦੇ ਪ੍ਰੋਗਰਾਮ ਨਾਲ ਗੱਲਬਾਤ ਕਰਨ ਦੇ ਮੰਤਵਾਂ ਲਈ ਮੇਰੀ ਤਰਫੋਂ ਕੰਮ ਕਰੇ ਜਿਸ ਵਿਚ ਮੇਰੇ ਨਾਲ ਸੰਬੰਧਿਤ ਨਿੱਜੀ ਜਾਣਕਾਰੀ ਵੀ ਸ਼ਾਮਲ ਹੈ।

## Contact Information for Victim (or Victim Designate)/ ਪੀੜਤ (ਜਾਂ ਪੀੜਤ ਵਲੋਂ ਮੁਕੱਰਰ ਵਿਅਕਤੀ) ਨਾਲ ਸੰਪਰਕ ਕਰਨ ਦੀ ਜਾਣਕਾਰੀ

Name of Victim Designate (if applicable)/ ਪੀੜਤ ਵਲੋਂ ਮੁਕੱਰਰ ਵਿਅਕਤੀ ਦਾ ਨਾਂ (ਜੇ ਲਾਗੂ ਹੁੰਦਾ ਹੋਵੇ): ______________________

Mailing Address (Apt., Street, PO Box)/ ਚਿੱਠੀ-ਪੱਤਰ ਲਈ ਐਡਰੈਸ (ਅਪਾਰਟਮੈਂਟ, ਸਟਰੀਟ, ਪੀ ਓ ਬੌਕਸ): ______________________

City/Town, Province, Postal Code/ ਸ਼ਹਿਰ/ਟਾਊਨ, ਸੂਬਾ, ਪੋਸਟਲ ਕੋਡ: ______________________

Home phone/ ਘਰ ਦਾ ਫੋਨ: ______________________ Detailed msg ok?/ ਕੀ ਵਿਸਥਾਰ ਵਿਚ ਸੁਨੇਹਾ ਛੱਡਣਾ ਠੀਕ ਹੈ? ❑

Cell phone/ ਸੈੱਲ ਫੋਨ: ______________________ Detailed msg ok?/ ਕੀ ਵਿਸਥਾਰ ਵਿਚ ਸੁਨੇਹਾ ਛੱਡਣਾ ਠੀਕ ਹੈ? ❑

Email Address/ ਈਮੇਲ ਐਡਰੈਸ: ______________________ Detailed msg ok?/ ਕੀ ਵਿਸਥਾਰ ਵਿਚ ਸੁਨੇਹਾ ਛੱਡਣਾ ਠੀਕ ਹੈ? ❑

## Restitution Order Information/ ਹਾਨੀ-ਪੂਰਤੀ ਦੇ ਆਰਡਰ ਬਾਰੇ ਜਾਣਕਾਰੀ

Court file number(s)/ ਕੋਰਟ ਦਾ (ਦੇ) ਫਾਇਲ ਨੰਬਰ: ______________________ Court Location/ ਕੋਰਟ ਦਾ ਸਥਾਨ: ______________________

Offender Name/ ਦੋਸ਼ੀ ਦਾ ਨਾਂ: ______________________

Relationship to offender/ ਦੋਸ਼ੀ ਨਾਲ ਸਬੰਧ: ______________________

## Victim Service Worker/ ਵਿਕਟਿਮ ਸਰਵਿਸ ਵਰਕਰ

Victim Service Worker Name/ ਵਿਕਟਿਮ ਸਰਵਿਸ ਵਰਕਰ ਦਾ ਨਾਂ: ______________________ Program Name/ ਪ੍ਰੋਗਰਾਮ ਦਾ ਨਾਂ:______________________

Phone number/ ਫੋਨ ਨੰਬਰ: ______________________ Email Address/ ਈਮੇਲ ਐਡਰੈਸ:______________________

**Where possible, please include a copy of the Restitution Order when submitting this application./ ਜਿੱਥੇ ਵੀ ਸੰਭਵ ਹੋਵੇ, ਕਿਰਪਾ ਕਰਕੇ ਆਪਣੀ ਅਰਜ਼ੀ ਦਰਜ ਕਰਵਾਉਣ ਵੇਲੇ ਹਾਨੀ-ਪੂਰਤੀ ਦੇ ਆਰਡਰ ਦੀ ਕਾਪੀ ਨਾਲ ਲਾਉ।**

By signing this form, I am applying to the Restitution Program for assistance in the facilitation of my restitution order and I confirm that I am the individual named on this form (or the parent/guardian/legal representative of the victim named on this form). Where applicable, I give permission to the Restitution Program to release information to the Victim Designate I have named above./ ਇਸ ਫਾਰਮ 'ਤੇ ਦਸਖ਼ਤ ਕਰਕੇ, ਮੈਂ ਆਪਣਾ ਹਾਨੀ-ਪੂਰਤੀ ਦਾ ਆਰਡਰ ਲਾਗੂ ਕਰਵਾਉਣ ਵਿਚ ਮਦਦ ਲਈ ਹਾਨੀ-ਪੂਰਤੀ ਦੇ ਪ੍ਰੋਗਰਾਮ ਕੋਲ ਅਪਲਾਈ ਕਰ ਰਿਹਾ/ਰਹੀ ਹਾਂ ਅਤੇ ਮੈਂ ਤਸਦੀਕ ਕਰਦਾ/ਕਰਦੀ ਹਾਂ ਕਿ ਇਸ ਫਾਰਮ 'ਤੇ ਦੱਸਿਆ ਗਿਆ ਵਿਅਕਤੀ ਮੈਂ ਹੀ ਹਾਂ (ਜਾਂ ਇਸ ਫਾਰਮ 'ਤੇ ਦੱਸੇ ਗਏ ਪੀੜਤ ਦਾ ਮਾਪਾ/ਗਾਰਡੀਅਨ/ਕਾਨੂੰਨੀ ਨੁਮਾਇੰਦਾ ਹਾਂ)। ਜਿੱਥੇ ਲਾਗੂ ਹੁੰਦਾ ਹੋਵੇ, ਮੈਂ ਹਾਨੀ-ਪੂਰਤੀ ਦੇ ਪ੍ਰੋਗਰਾਮ ਨੂੰ ਆਗਿਆ ਦਿੰਦਾ/ਦਿੰਦੀ ਹਾਂ ਕਿ ਉਹ ਮੇਰੇ ਵਲੋਂ ਉੱਪਰ ਮੁਕੱਰਰ ਕੀਤੇ ਗਏ ਵਿਅਕਤੀ ਨੂੰ ਜਾਣਕਾਰੀ ਦੇਵੇ।

Signed/ ਦਸਖ਼ਤ: ______________________ Date/ ਤਾਰੀਕ: ______________________

If you are an offender reading this, please complete the form as appropriate and provide the following information/ ਜੇ ਤੁਸੀਂ ਇਸ ਨੂੰ ਪੜ੍ਹ ਰਹੇ ਦੋਸ਼ੀ ਹੋ ਤਾਂ ਕਿਰਪਾ ਕਰਕੇ ਜਿਵੇਂ ਵੀ ਢੁੱਕਵਾਂ ਹੋਵੇ ਫਾਰਮ ਭਰੋ ਅਤੇ ਅੱਗੇ ਲਿਖੀ ਜਾਣਕਾਰੀ ਦਿਉ:

Parole/Probation Officer Name/ ਪੈਰੋਲ/ਪ੍ਰੋਬੇਸ਼ਨ ਅਫਸਰ ਦਾ ਨਾਂ: ______________________ PO Phone Number/ ਪੀ ਓ ਫੋਨ ਨੰਬਰ: ______________________

PO Email (if known)/ ਪੀ ਓ ਈਮੇਲ (ਜੇ ਪਤਾ ਹੋਵੇ): ______________________ Custody Location (if applicable)/ ਕਸਟੱਡੀ ਦਾ ਸਥਾਨ (ਜੇ ਲਾਗੂ ਹੁੰਦਾ ਹੋਵੇ): ______________________

**Collection Notice/ ਜਾਣਕਾਰੀ ਲੈਣ ਬਾਰੇ ਸੂਚਨਾ**

*The collection of your personal information as part of the Restitution Program is authorized under section 26(c) of the Freedom of Information and Protection of Privacy Act for the sole purposes of facilitating restitution payments. If you have any questions about the collection of your personal information please contact: Restitution Program Manager, PO Box 5550 Station Terminal, Vancouver, BC V6B 1H1./ ਹਾਨੀ-ਪੂਰਤੀ ਦੇ ਪ੍ਰੋਗਰਾਮ ਦੇ ਹਿੱਸੇ ਵਜੋਂ ਤੁਹਾਡੀ ਨਿੱਜੀ ਜਾਣਕਾਰੀ ਲੈਣ ਦਾ ਅਧਿਕਾਰ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਸੈਕਸ਼ਨ 26(ਸੀ) ਅਧੀਨ ਸਿਰਫ ਹਾਨੀ-ਪੂਰਤੀ ਦੀਆਂ ਪੇਮੈਂਟਾਂ ਲੈਣ ਦੇ ਮੰਤਵਾਂ ਲਈ ਹੈ। ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕੀਤੇ ਜਾਣ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਸੰਪਰਕ ਕਰੋ: Restitution Program Manager, PO Box 5550 Station Terminal, Vancouver, BC V6B 1H1.*

Please submit your completed application via mail, fax or email to/
ਕਿਰਪਾ ਕਰਕੇ ਆਪਣੀ ਮੁਕੰਮਲ ਕੀਤੀ ਹੋਈ ਅਰਜ਼ੀ ਡਾਕ, ਫੈਕਸ ਜਾਂ ਈਮੇਲ ਰਾਹੀਂ ਹੇਠਾਂ ਲਿਖੇ ਨੂੰ ਭੇਜੋ:


**Restitution Program**
**PO Box 5550 Station Terminal**
**Vancouver, BC, V6B 1H1**
**Email/ ਈਮੇਲ: Restitution@gov.bc.ca**
**Fax/ ਫੈਕਸ: 604-660-5340**